# ਸਾਹਿਤ ਅਕਾਦਮੀ ਵਲੋਂ ਕਮਲ ਕਿਸ਼ੋਰ ਗੋਇਨਕਾ ਦੀ ਯਾਦ ਵਿਚ ਸ਼ਰਧਾਂਜਲੀ ਸਭਾ




**ਡਾ. ਕਮਲ ਕਿਸ਼ੋਰ ਗੋਇਨਕਾ ਦੀ ਯਾਦ ਵਿਚ ਜੁੜੇ ਲੇਖਕ।**

ਨਵੀਂ ਦਿੱਲੀ, 16 ਅਪ੍ਰੈਲ (ਮਿਸਰਦੀਪ ਭਾਟੀਆ)-ਸਾਹਿਤ ਅਕਾਦਮੀ ਵਲੋਂ ਉੱਘੇ ਸਾਹਿਤਕਾਰ ਕਮਲ ਕਿਸ਼ੋਰ ਗੋਇਨਕਾ ਦੀ ਯਾਦ ਵਿਚ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ। ਸ਼ਰਧਾਂਜਲੀ ਸਮਾਗਮ ਵਿਚ ਹਾਜ਼ਰ ਸ਼ਖ਼ਸੀਅਤਾਂ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਕਈ ਹੋਰ ਲੇਖਕ ਤੇ ਸਾਹਿਤਕਾਰ ਵੀ ਆਨਲਾਈਨ ਸ਼ਾਮਿਲ ਹੋਏ। ਸਭ ਤੋਂ ਪਹਿਲਾਂ ਸਾਹਿਤ ਅਕਾਦਮੀ ਦੇ ਸਕੱਤਰ ਕੇ. ਸ੍ਰੀਨਿਵਾਸ ਰਾਓ ਨੇ ਗੋਇਨਕਾ ਨੂੰ ਉਨ੍ਹਾਂ ਦੀ ਤਸਵੀਰ 'ਤੇ ਫੁੱਲ ਭੇਟ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਪ੍ਰੇਮ ਚੰਦ ਅਤੇ ਪ੍ਰਵਾਸੀ ਸਾਹਿਤ ਤੋਂ ਇਲਾਵਾ ਉਨ੍ਹਾਂ ਨੇ ਹੋਰ ਵੀ ਕਈ ਵਿਸ਼ਿਆਂ 'ਤੇ ਜ਼ਿਕਰਯੋਗ ਕੰਮ ਕੀਤਾ ਹੈ। ਸੁਰਿੰਦਰ ਦੂਬੇ ਨੇ ਕੇਂਦਰੀ ਹਿੰਦੀ ਸੰਸਥਾਨ ਨਾਲ ਬਿਤਾਏ ਸਮੇਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪ੍ਰੇਮ ਚੰਦ ਅਤੇ ਪ੍ਰਵਾਸੀ ਸਾਹਿਤ ਨੂੰ ਅੱਗੇ ਲਿਆਉਣ ਲਈ ਆਪਣੀ ਸਾਰੀ ਊਰਜਾ ਲਗਾ ਦਿੱਤੀ। ਅਨਿਲ ਜੋਸ਼ੀ ਨੇ ਹਿੰਦੀ ਨੂੰ ਵਿਸ਼ਵ ਭਾਸ਼ਾ ਬਣਾਉਣ ਲਈ ਕੀਤੇ ਸ਼ਾਨਦਾਰ ਯਤਨਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਨਰਾਇਣ ਕੁਮਾਰ ਨੇ ਵਿਸ਼ਵ ਹਿੰਦੀ ਕਾਨਫਰੰਸਾਂ ਵਿਚ ਉਨ੍ਹਾਂ ਵਲੋਂ ਕੀਤੇ ਕਾਰਜਾਂ ਨੂੰ ਬੜੀ ਸ਼ਰਧਾ ਨਾਲ ਯਾਦ ਕਰਦਿਆਂ ਉਨ੍ਹਾਂ ਨੂੰ ਬੇਮਿਸਾਲ ਦੱਸਿਆ। ਲਕਸ਼ਮੀ ਸ਼ੰਕਰ ਵਾਜਪਾਈ ਨੇ ਉਨ੍ਹਾਂ ਨੂੰ ਇਕ ਉਤਸ਼ਾਹੀ ਮਾਰਗਦਰਸ਼ਕ ਵਜੋਂ ਯਾਦ ਕੀਤਾ, ਜੋ ਨੌਜਵਾਨ ਪ੍ਰਤਿਭਾਵਾਂ ਨੂੰ ਅੱਗੇ ਲਿਆਉਣ ਲਈ ਨਿਰੰਤਰ ਸਰਗਰਮ ਸੀ। ਦਿਵਿਆ ਮਾਥੁਰ ਜੋ ਆਨਲਾਈਨ ਜੁੜੀ ਹੋਈ ਸੀ, ਨੇ ਉਨ੍ਹਾਂ ਨੂੰ ਇਕ ਯੋਧੇ ਵਜੋਂ ਯਾਦ ਕੀਤਾ, ਜਿਸ ਨੇ ਪ੍ਰਵਾਸੀ ਲੇਖਕਾਂ ਨੂੰ ਸਨਮਾਨ ਅਤੇ ਮਾਨਤਾ ਦਿੱਤੀ।

ਦਿਵਿਕ ਰਮੇਸ਼ ਨੇ ਆਪਣੇ ਗੁਰੂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਆਪਣੀ ਗੱਲ ਰੱਖੀ ਪਰ ਕਦੇ ਕਿਸੇ ਦਾ ਅਪਮਾਨ ਨਹੀਂ ਕੀਤਾ। ਸਾਹਿਤ ਅਕਾਦਮੀ ਦੇ ਮੀਤ ਪ੍ਰਧਾਨ ਕੁਮੁਦ ਸ਼ਰਮਾ ਨੇ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਉਨ੍ਹਾਂ ਦੀ ਮਿਹਨਤ ਅਤੇ ਲਗਾਤਾਰ ਸਰਗਰਮ ਰਹਿਣ ਦੇ ਗੁਣਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਤੋਂ ਇਲਾਵਾ ਰਵੀ ਸ਼ੰਕਰ, ਅਲਕਾ ਸਿਨਹਾ, ਪ੍ਰਭਾਵ ਕੁਮਾਰ, ਰਾਕੇਸ਼ ਪਾਂਡੇ, ਸ਼ੈਲਜਾ ਸਕਸੈਨਾ ਅਤੇ ਗੀਟਾ ਰਾਣੀ ਪਾਲੀਵਾਲ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪ੍ਰੋਗਰਾਮ ਦਾ ਸੰਚਾਲਨ ਅਕਾਦਮੀ ਦੇ ਉਪ ਸਕੱਤਰ ਦੇਵਿੰਦਰ ਕੁਮਾਰ ਦੇਵੇਸ਼ ਨੇ ਕੀਤਾ। ਮੀਟਿੰਗ ਦੇ ਅੰਤ ਵਿਚ ਡਾ. ਗੋਇਨਕਾ ਅਤੇ ਡਾ. ਨਿਰਮਲ ਜੈਨ ਦੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰ ਕਰ ਕੇ ਅਰਦਾਸ ਕੀਤੀ ਗਈ।